# ਪੰਜਾਬੀ ਵਿਆਕਰਨ ਜਮਾਤ ਨੌਵੀਂ / ਦੱਸਵੀ: ਸ਼ਬਦ ਰਚਨਾ

ਸ਼ਬਦ:- ਸ਼ਬਦ ਅਰਥਾਂ ਦੀ ਪੱਧਰ 'ਤੇ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਅਤੇ ਸਾਰਥਕ ਇਕਾਈ ਹੈ। ਇਹ ਅੱਖਰਾਂ ਅਤੇ ਲਗ-ਲਗਾਖਰਾਂ ਨੂੰ ਜੋੜ ਕੇ ਬਣਦਾ ਹੈ । ਇਹ ਅਰਥ ਭਰਪੂਰ ਹੁੰਦਾ ਹੈ।

## ਸ਼ਬਦ ਰਚਨਾਂ

ਵੱਖ-ਵੱਖ ਨਿਯਮਾਂ ਅਨੁਸਾਰ ਸ਼ਬਦਾਂ ਦੀ ਰਚਨਾ ਕਰਨ ਨੂੰ ਹੀ ਸ਼ਬਦ ਰਚਨਾ ਕਿਹਾ ਜਾਂਦਾ ਹੈ। ਇਸ ਰਾਹੀਂ ਸਾਨੂੰ ਸ਼ਬਦਾਂ ਦੀ ਬਣਤਰ ਬਾਰੇ ਜਾਣਕਾਰੀ ਮਿਲਦੀ ਹੈ।

ਬਣਤਰ ਦੇ ਅਧਾਰ ਤੇ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ-

- ਮੂਲ ਸ਼ਬਦ
- ਰਚਿਤ ਸ਼ਬਦ
- ਮੂਲ ਸ਼ਬਦ- ਮੂਲ ਸ਼ਬਦ ਉਹ ਹੁੰਦੇ ਹਨ ਜੋ ਕਿਸੇ ਦੂਜੇ ਸ਼ਬਦ ਦੀ ਮਦਦ ਤੋਂ ਬਿਨਾਂ ਆਪਣੇ ਆਪ ਬਣੇ ਹੋਣ । ਇਹ ਆਪਣੇ ਆਪ ਵਿੱਚ ਪੂਰਨ ਹੁੰਦੇ ਹਨ ਤੇ ਇਹਨਾਂ ਨੂੰ ਅੱਗੋਂ ਤੋੜਿਆਂ ਨਹੀਂ ਜਾ ਸਕਦਾ। ਜਿਵੇਂ:- ਪੁੱਤਰ, ਦੁਨੀਆਂ, ਯੋਗ, ਬਾਗ਼ ਆਦਿ।
- ਰਚਿਤ ਸ਼ਬਦ:- ਰਚਿਤ ਸ਼ਬਦ ਉਹ ਹੁੰਦੇ ਹਨ ਜਿਹੜੇ ਕਿਸੇ ਹੋਰ ਸ਼ਬਦ ਦੀ ਮਦਦ ਨਾਲ ਬਣੇ ਹੋਣ। ਜਿਵੇਂ:- ਪੁੱਤਰ ਤੋਂ ਕਪੁੱਤਰ , ਦੁਨੀਆਂ ਤੋਂ ਦੁਨੀਆਂਦਾਰੀ, ਯੋਗ ਤੋਂ ਅਯੋਗ ਤੇ ਬਾਗ਼ ਤੋਂ ਬਾਗ਼ਬਾਨੀ ਆਦਿ।

# ਰਚਿਤ ਸ਼ਬਦਾਂ ਦੀਆਂ ਕਿਸਮਾਂ

ਇਹ ਦੋ ਪ੍ਰਕਾਰ ਦੇ ਹੁੰਦੇ ਹਨ–

- ਸਮਾਸੀ ਸ਼ਬਦ
- ਉਤਪੰਨ ਸ਼ਬਦ
- ਸਮਾਸੀ ਸ਼ਬਦ— ਸਮਾਸ ਦਾ ਅਰਥ ਹੈ ਜੋੜਨਾ, ਸਮਾਸੀ ਸ਼ਬਦ ਉਹ ਹੁੰਦੇ ਹਨ ਜਿਹੜੇ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਜੁੜਨ ਨਾਲ ਬਣਦੇ ਹਨ। ਇਹਨਾਂ ਨੂੰ ਲਿਖਣ ਸਮੇਂ ਜੋੜਨੀ (–) ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਦੀਆਂ ਕੁਝ ਉਦਾਹਰਨਾਂ ਵੇਖੋ ਤੇ ਸਮਝੋ—

| | | | |
|---|---|---|---|
| ਲੋਕ-ਰਾਜ | ਦਿਨ-ਰਾਤ | ਅਖੰਡ- ਪਾਠ | ਹੱਡ-ਬੀਤੀ |
| ਗੱਲ- ਬਾਤ | ਸਰਵ-ਸ਼ਕਤੀਮਾਨ | ਕੰਮ-ਚੋਰ | ਹਰਮਨ-ਪਿਆਰਾ |
| ਆਤਮ-ਕਥਾ | ਮਿੱਠ- ਬੋਲੜਾ | ਆਪ-ਬੀਤੀ | ਸਰਵ-ਸੰਮਤੀ |

# ਉਤਪੰਨ ਸ਼ਬਦ

ਇਹ ਉਹ ਰਚਿਤ ਸ਼ਬਦ ਹੁੰਦੇ ਹਨ ਜੋ ਮੂਲ ਸ਼ਬਦਾਂ ਦੇ ਅੱਗੇ ਜਾਂ ਪਿੱਛੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ। ਜਿਵੇਂ— ਨਿਰਭਉ, ਚਿੱਤਰਕਾਰ ਆਦਿ।

ਉਤਪੰਨ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ—

- ਅਗੇਤਰ
- ਪਛੇਤਰ
- ਅਗੇਤਰ— ਇਹ ਉਹ ਸ਼ਬਦ ਹੁੰਦੇ ਹਨ ਜਿਹੜੇ ਮੂਲ ਸ਼ਬਦ ਦੇ ਅੱਗੇ ਜੁੜ ਕੇ ਇੱਕ ਨਵਾਂ ਤੇ ਸਾਰਥਕ ਸ਼ਬਦ ਬਣਾਉਂਦੇ ਹਨ। ਜਿਵੇਂ—'ਉਪ' ਅਗੇਤਰ ਲੱਗਣ ਨਾਲ ਉਪ-ਮੰਤਰੀ, ਉਪ-ਵਾਕ ਸ਼ਬਦ ਬਣਦੇ ਹਨ।
- ਪਿਛੇਤਰ—ਇਹ ਉਹ ਸ਼ਬਦ ਹੁੰਦੇ ਹਨ ਜਿਹੜੇ ਮੂਲ ਸ਼ਬਦ ਦੇ ਪਿੱਛੇ ਜੁੜਕੇ ਨਵਾਂ ਤੇ ਸਾਰਥਕ ਸ਼ਬਦ ਬਣਾਉਂਦੇ ਹਨ। ਜਿਵੇਂ— ਕਮਾ+ਈ—ਕਮਾਈ, ਲੱਕੜ+ਹਾਰਾ—ਲੱਕੜਹਾਰਾ ਆਦਿ।

ਵਤਨ ਸਿੰਘ ਸੰਧੂ ਪੰਜਾਬੀ ਮਾਸਟਰ 📞📞98555–39200